# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ.ਨੰ: 104-06, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ

ਫ਼ੋਨ ਨੰ:172-2623006, 2623207, 2620106 ਫੈਕਸ:0172-2624687 ਈ-ਮੇਲedusat.punjab@gmail.com

**ਯਾਦ ਪੱਤਰ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਹਾਈ, ਹਾਇਰ ਸੈਕੰਡਰੀ / ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ
   (ਵੈੱਬ ਸਾਈਟ ਦੇ ਰਾਹੀਂ)

ਮੀਮੋ ਨੰ ਪੀਈਐਸ/ਜੇਈਟੀ/2010/1089-1111
ਮਿਤੀ ਚੰਡੀਗੜ੍ਹ 9 ਅਪ੍ਰੈਲ, 2010

**ਵਿਸ਼ਾ ਜੁਆਇੰਟ ਐਂਟਰੈਂਸ ਟੈਸਟ ਵਿੱਚ ਵੱਧ ਤੋਂ ਵੱਧ ਵਿਖਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕਰਨ ਬਾਰੇ ।**

**ਹਵਾਲਾ:** ਪੱਤਰ ਨੰ. ਪੀਈਐਸ/ਜੇਈਟੀ/2010/1013-32 ਮਿਤੀ, ਚੰਡੀਗੜ੍ਹ: 29 ਮਾਰਚ, 2010

1.0 ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿਚ ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੇ ਤਕਨੀਕੀ ਸਿੱਖਿਆ ਵਿਭਾਗ / ਪੰਜਾਬ ਤਕਨੀਕੀ ਸਿੱਖਿਆ ਅਤੇ ਇੰਡਸਟ੍ਰੀਅਲ ਟ੍ਰੇਨਿੰਗ ਵਿਭਾਗ ਵੱਲੋਂ ਪੰਜਾਬ ਰਾਜ ਦੇ ਵਿੱਚ ਪੋਲੀਟੈਕਨਿਕ ਕਾਲਜਾਂ ਦੇ ਲਈ ਤਕਰੀਬਨ 43,000 ਸੀਟਾਂ ਦੇ ਲਈ ਤਿੰਨ ਸਾਲ ਦੇ ਡਿਪਲੋਮਾ ਕੋਰਸ ਦੇ ਵਿੱਚ ਦਾਖਲੇ ਦੇ ਮੰਤਵ ਲਈ ਮਿਤੀ 22.5.2010 ਨੂੰ ਜੁਆਇੰਟ ਐਂਟਰੈਂਸ ਟੈਸਟ ਲਿਆ ਜਾਣਾ ਹੈ । ਇਸ ਟੈਸਟ ਦੇ ਲਈ ਦਸਵੀਂ ਪਾਸ ਵਿਦਿਆਰਥੀ ਜਾਂ ਦਸਵੀਂ ਦੇ ਇਮਤਿਹਾਨ ਵਿੱਚ ਅਪੀਅਰ ਹੋਏ ਵਿਦਿਆਰਥੀ ਭਾਗ ਲੈ ਸਕਦੇ ਹਨ । ਇਸ ਪ੍ਰੀਖਿਆ ਦੇ ਲਈ ਫਾਰਮ ਭਰਣ ਦੀ ਅਖੀਰਲੀ ਮਿਤੀ 16.4.2010 ( 4-00 ਵਜੇ ਸਾਮ) ਹੈ ।ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਰਾਜ ਦੇ ਵੱਖ-ਵੱਖ ਪੋਲੀਟੈਕਨਿਕ ਕਾਲਜਾਂ ਦੇ ਵਿੱਚ ਬਹੁਤ ਵਧੀਆ ਇਨਫ੍ਰਾਸਟਰਕਚਰ ਮੁਹੱਈਆ ਕਰਵਾਇਆ ਗਿਆ ਹੈ ਤਾਂ ਜੋ ਪੰਜਾਬ ਰਾਜ ਦੇ ਵਿਦਿਆਰਥੀ ਇਸ ਦਾ ਪੂਰਾ ਫਾਇਦਾ ਉਠਾ ਸਕਣ । ਸਿੱਖਿਆ ਵਿਭਾਗ ਅਤੇ ਤਕਨੀਕੀ ਸਿੱਖਿਆ ਵਿਭਾਗ ਦੇ ਆਪਸੀ ਤਾਲਮੇਲ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਹਾਈ/ਹਾਇਰ ਸੈਕੰਡਰੀ/ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਚ ਦਸਵੀਂ ਕਲਾਸ ਵਿੱਚ ਪੜ੍ਹਣ ਵਾਲੇ ਵਿਦਿਆਰਥੀ ਜਾਂ ਦਸਵੀਂ ਪਾਸ ਹੋਏ ਵਿਦਿਆਰਥੀ, ਜੋ ਕਿ ਇਸ ਸਾਂਝੇ ਟੈਸਟ ਵਿੱਚ ਭਾਗ ਲੈਣ ਦੇ ਇੱਛੁਕ ਹਨ, ਵੱਧ ਤੋਂ ਵੱਧ ਹਿੱਸਾ ਲੈਣ ।

3.0 ਇਸ ਸਬੰਧ ਵਿੱਚ ਲੋੜੀਂਦੇ ਪ੍ਰਾਸਪੈਕਟਸ ਪੰਜਾਬ ਨੈਸ਼ਨਲ ਬੈਂਕ, ਐਚ.ਡੀ.ਐਫ.ਸੀ. ਬੈਂਕ ਦੀਆਂ ਅਧਿਕਾਰਤ ਬ੍ਰਾਂਚਾਂ ਤੇ ਅਤੇ ਮਾਨਤਾ ਪ੍ਰਾਪਤ ਪੋਲੀਟੈਕਨਿਕਾਂ ਵਿੱਚ ਉਪਲਭਧ ਹਨ । ਪੰਜਾਬ ਰਾਜ ਦੇ ਜ਼ਿਲ੍ਹਿਆ ਵਿੱਚ ਸਥਾਪਿਤ ਕੀਤੇ ਗਏ ਸੁਵਿਧਾ ਸੈਂਟਰਾਂ ਤੋਂ ਵੀ ਇਹ ਪ੍ਰਾਸਪੈਕਟਸ ਲਏ ਜਾ ਸਕਦੇ ਹਨ ਅਤੇ ਇਸ ਤੋਂ ਇਲਾਵਾ ਇਹ ਪ੍ਰਾਸਪੈਕਟਸ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੇ ਦਫਤਰਾਂ ਵਿੱਚ ਵੀ ਮੁਹੱਈਆ ਕਰਵਾ ਦਿੱਤੇ ਜਾਣਗੇ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਆਪਣੇ ਆਪਣੇ ਸਕੂਲਾਂ ਵਿੱਚ ਸਬੰਧਤ ਸਮੂਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਂ ਪਿਓ ਨਾਲ ਮੀਟਿੰਗ ਕਰਨ ਉਪਰੰਤ ਉਹਨਾਂ ਨੂੰ ਇਸ ਕੋਰਸ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਜ਼ਾਵੇ । ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਲੋੜੀਂਦੀ ਜਾਣਕਾਰੀ ਸਿੱਖਿਆ ਵਿਭਾਗ ਦੀ ਵੈੱਬ-ਸਾਈਟ www.ssapunjab.org ਤੇ " regarding admission for JET" ਅਨੁਸਾਰ ਵੀ ਉਪਲਭਧ ਕਰਵਾ ਦਿੱਤੀ ਗਈ ਹੈ । ਇਸ ਤੋਂ ਇਲਾਵਾ ਪੰਜਾਬ ਤਕਨੀਕੀ ਸਿੱਖਿਆ ਵਿਭਾਗ ਦੀ ਵੈੱਬ-ਸਾਈਟ www.punjabteched.com www.punjabteched.net ਤੇ ਵੀ ਵੇਖੀ ਜਾ ਸਕਦੀ ਹੈ ।

4.0 ਇਸ ਸਬੰਧ ਵਿੱਚ ਜੇਕਰ ਕੋਈ ਹੋਰ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਸ਼੍ਰੀ ਰਾਜੀਵ ਸ਼ਰਮਾ, ਏ.ਐਸ.ਪੀ.ਡੀ. ਐਜੂਸੈੱਟ ਫੋਨ 99885-51133 ਜਾਂ ਤਕਨੀਕੀ ਸਿੱਖਿਆ ਵਿਭਾਗ ਦੇ ਸ਼੍ਰੀ ਬੀ.ਅਰੁਨਾਚਲ ਤੋਂ ਫੋਨ ਨੰ 98724-56335 ਤੇ ਪ੍ਰਾਪਤ ਕੀਤੀ ਜਾ ਸਕਦੀ ਹੈ ।

5.0 ਜਿਲਾ ਸਿੱਖਿਆ ਅਫਸਰ ਦੇ ਦਫਤਰ ਵਿਚ ਜਿਲਾ ਸਾਇੰਸ ਸੁਪਰਵਾਈਜਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਜਿਲੇ ਦੇ ਵਿਦਿਆਰਥੀਆਂ ਨੂੰ ਉਪਰੋਕਤ ਪ੍ਰੀਖਿਆ ਸਬੰਧੀ ਫਾਰਮ ਪ੍ਰਾਪਤ ਕਰਨ ਅਤੇ ਉਸ ਨੂੰ ਭਰ ਕੇ ਸਮੇਂ ਸਿਰ ਪਹੁੰਚਾਉਣ ਲਈ ਵਿਦਿਆਰਥੀਆਂ ਦੀ ਅਗਵਾਈ ਕਰਨ ।

ਇਸ ਨੂੰ ਪਰਮ ਅਗੇਤ ਦਿੱਤੀ ਜ਼ਾਵੇ ਜੀ ।

**ਡਾਇਰੈਕਟਰ ਜ਼ਨਰਲ ਸਕੂਲ ਸਿੱਖਿਆ, ਪੰਜਾਬ**